Surrey Schools

**ਸਰੀ ਸਕੂਲਜ਼**

**DIGITAL PORTFOLIOS CONSENT FORM**

ਡਿਜੀਟਲ ਪੋਰਟਫੋਲੀਓਜ਼ ਇਜਾਜ਼ਤ ਫਾਰਮ

Dear Parents/Guardians

ਪਿਆਰੇ ਮਾਤਾ-ਪਿਤਾ/ਗਾਰਡੀਅਨ

ਸਰੀ ਸਕੂਲ ਜ਼ਿਲ੍ਹੇ ਦੇ ਅਧਿਆਪਕਾਂ ਕੋਲ ਇਹ ਚੋਣ ਮੌਜੂਦ ਹੈ ਕਿ ਉਹ *ਫਰੈੱਸ਼ਗਰੇਡ* ਨਾਂ ਦੇ ਔਨਲਾਈਨ ਸਾਧਨ ਦੀ ਵਰਤੋਂ ਕਰਦੇ ਹੋਏ ਨਿੱਜੀ ਡਿਜੀਟਲ ਬੰਡਲਾਂ ਰਾਹੀਂ ਵਿਦਿਆਰਥੀਆਂ ਦੀ ਪੜ੍ਹਾਈ ਬਾਰੇ ਜਾਣਕਾਰੀ ਦੇ ਸਕਦੇ ਹਨ। ਫਰੈੱਸ਼ਗਰੇਡ ਵਿਦਿਆਰਥੀਆਂ ਦੀ ਪੜ੍ਹਾਈ ਬਾਰੇ ਜਾਣਕਾਰੀ ਦੇਣ ਦਾ ਇੱਕ ਨਵਾਂ ਤਰੀਕਾ ਹੈ ਜਿਹੜਾ ਸਾਡੇ ਪਰਿਵਾਰਾਂ ਦੀ ਸ਼ਾਮੂਲੀਅਤ ਅਜੇਹੇ ਤਰੀਕਿਆਂ ਨਾਲ ਕਰਦਾ ਹੈ ਕਿ ਉਹ ਸਵੈ-ਸੇਵਾ ਦੇ ਉੱਭਰ ਰਹੇ ਰੁਝਾਨਾਂ ਨਾਲ ਵਧੇਰੇ ਚੰਗੀ ਤਰਾਂ ਜੁੜ ਸਕਣ। ਇਹ ਰੁਝਾਨ ਵਿਦਿਆਰਥੀਆਂ ਦੀ ਨਾਲੋ-ਨਾਲ ਪ੍ਰਗਤੀ, ਉਸਦੀ ਜਾਣਕਾਰੀ, ਮਾਤਾ ਪਿਤਾ ਦੀ ਸ਼ਾਮੂਲੀਅਤ ਅਤੇ ਸਾਡੇ ਪਰਿਵਾਰਾਂ ਨੂੰ ਵਿਦਿਆਰਥੀਆਂ ਲਈ ਮੱਦਦ ਦੇਣੀ ਸੌਖਾ ਬਣਾਉਂਦੇ ਹਨ। ਅਸੀਂ ਸਮਝਦੇ ਹਾਂ ਕਿ ਫਰੈੱਸ਼ਗਰੇਡ ਸਦਕਾ ਸਾਡੇ ਲਈ ਮਾਤਾ ਪਿਤਾ ਨਾਲ ਵਧੇਰੇ ਅਸਰਦਾਰ ਢੰਗ ਨਾਲ ਗੱਲਬਾਤ ਕਰਨੀ ਆਸਾਨ ਅਤੇ ਸੁਖਾਵੀਂ ਹੋ ਗਈ ਹੈ। ਪੜ੍ਹਨ-ਲਿਖਣ ਦਾ ਸਬੂਤ ਗੈਰ-ਰਸਮੀ ਨੋਟਾਂ, ਤਸਵੀਰਾਂ, ਵਿਡੀਓ ਜਾਂ ਆਡੀਓ ਲਿਕਾਂ, ਅਤੇ ਵਿਦਿਆਰਥੀ ਦੇ ਸਵੈ-ਮੁਲਾਂਕਣ ਦੇ ਰੂਪ ਵਿੱਚ ਹੋ ਸਕਦਾ ਹੈ, ਅਤੇ ਇਸ ਨਾਲ ਤੁਹਾਨੂੰ ਪਤਾ ਲੱਗਦਾ ਹੈ ਕਿ ਪੜ੍ਹਾਈ ਦੇ ਤੈਅ ਕੀਤੇ ਖੇਤਰਾਂ ਵਿੱਚ ਪੜ੍ਹਾਈ ਦੇ ਮਿਆਰਾਂ ਦੇ ਮੁਕਾਬਲੇ ਤੁਹਾਡਾ ਬੱਚਾ ਕਿਵੇਂ ਚੱਲ ਰਿਹਾ ਹੈ।

ਇਸ ਸਕੂਲ ਵਰ੍ਹੇ ਦੌਰਾਨ, ਵਿਦਿਆਰਥੀ ਆਪਣੀ ਪੜ੍ਹਾਈ ਵਿੱਚ ਸਰਗਰਮੀ ਨਾਲ ਹਿੱਸਾ ਲੈਣਗੇ ਅਤੇ ਪੜ੍ਹਾਈ ਦੇ ਆਪ ਸਬੂਤ ਇਕੱਤਰ ਕਰਕੇ ਜਾਂ ਅਧਿਆਪਕਾਂ ਦੇ ਸਹਿਯੋਗ ਨਾਲ ਕਲਾਕ੍ਰਿਤਾਂ ਦੀ ਚੋਣ ਕਰਕੇ ਆਪਣੀ ਪੜ੍ਹਾਈ ਦਾ ਆਪ ਜ਼ਿੰਮਾ ਉਠਾਓਣਗੇ। ਵਿਦਿਆਰਥੀਆਂ ਦਾ ਆਪਣੀ ਪੜ੍ਹਾਈ ਬਾਰੇ ਸਵੈ-ਮੁਲਾਂਕਣ ਅਤੇ ਚਿੰਤਨ ਉਹਨਾਂ ਦੇ ਪੋਰਟਫੋਲੀਓ ਦਾ ਇੱਕ ਅਹਿਮ ਹਿੱਸਾ ਹੋਣਗੇ। ਸਭ ਤੋਂ ਮਹੱਤਵਪੂਰਣ ਗੱਲ ਇਹ ਹੈ ਕਿ ਤੁਹਾਨੂੰ, ਮਾਤਾ ਪਿਤਾ ਦੇ ਤੌਰ ਤੇ, ਸਮੇਂ ਸਿਰ ਜਾਣਕਾਰੀ ਮਿਲੇਗੀ ਤਾਂ ਜੋ ਤੁਸੀਂ ਆਪਣੇ ਬੱਚੇ ਦੀ ਪੜ੍ਹਾਈ ਨੂੰ ਮਾਣ ਸਕੋ, ਚੰਗੇ ਸਵਾਲ ਪੁੱਛ ਕੇ ਆਪਣੀ ਸੋਚਣੀ ਨੂੰ ਫੈਲਾਅ ਸਕੋ, ਮੱਦਦ ਦੇ ਸਕੋ ਅਤੇ ਬਹੁਤ ਜ਼ਰੂਰੀ ਲੋੜ ਪੈਣ ਤੇ ਆਪਣੇ ਬੱਚੇ ਦੇ ਅਧਿਆਪਕ ਨਾਲ ਵਿਚਾਰ ਵਟਾਂਦਰਾ ਕਰ ਸਕੋ।

**ਇਸ ਸਾਲ ਨਵੀਂ ਗੱਲ ਇਹ ਹੈ ਕਿ ਗੁਗਲ ਟਰਾਂਸਲੇਟ ਨੂੰ ਜੋੜਿਆ ਜਾ ਰਿਹਾ ਹੈ ਜੋ ਕਿ ਤੀਜੀ ਧਿਰ ਵੱਲੋਂ ਦਿੱਤੀ ਜਾਣ ਵਾਲੀ ਸੇਵਾ ਹੈ ਜਿਸ ਨਾਲ ਮਾਤਾ ਪਿਤਾ ਆਪਣੇ ਬੱਚੇ ਦੇ ਡਿਜੀਟਲ ਪੋਰਟਫੋਲੀਓ ਦੀ ਸ਼ਬਦਾਵਲੀ ਦਾ ਤਰਜਮਾ ਉਸ ਭਾਸ਼ਾ ਵਿੱਚ ਕਰ ਸਕਣਗੇ ਜਿਹੜੀ ਉਹਨਾਂ ਨੂੰ ਵਧੇਰੇ ਆਉਂਦੀ ਹੈ। ਇਸ ਸੇਵਾ ਦੀ ਮੱਦਦ ਨਾਲ ਅਧਿਆਪਕ ਮਾਪਿਆਂ ਵੱਲੋਂ ਹੋਰ ਭਾਸ਼ਾ ਵਿੱਚ ਭੇਜੇ ਸੁਨੇਹਿਆਂ ਦਾ ਤਰਜਮਾ ਵੀ ਕਰ ਸਕਣਗੇ। ਭਾਵੇਂ ਇਹ ਸੇਵਾ ਇੱਕ ਭਾਸ਼ਾ ਦਾ ਤਰਜਮਾ ਦੂਜੀ ਭਾਸ਼ਾ ਵਿੱਚ ਮੁਕੰਮਲ ਤੌਰ ਤੇ ਕਰਨ ਦਾ ਦਾਅਵਾ ਨਹੀਂ ਕਰਦੀ, ਪਰ "ਗੁਗਲ ਟਰਾਂਸਲੇਟ" ਨਾਲ ਮਾਤਾ ਪਿਤਾ ਆਪਣੇ ਬੱਚੇ ਦੇ ਡਿਜੀਟਲ ਪੋਰਟਫੋਲੀਓ ਤੱਕ ਵਧੇਰੇ ਚੰਗੀ ਤਰਾਂ ਪਹੁੰਚ ਕਰ ਸਕਣਗੇ ਅਤੇ ਉਸਦੇ ਵੇਰਵਿਆਂ ਨੂੰ ਵਧੇਰੇ ਡੂੰਘਾਈ ਵਿੱਚ ਸਮਝ ਸਕਣਗੇ। ਇਸ ਫਾਰਮ ਦੇ ਪਿਛਲੇ ਪਾਸੇ ਇਜਾਜ਼ਤ ਦੇਣ ਨਾਲ, ਤੁਸੀਂ ਜਾਣਦੇ ਹੋ ਕਿ "ਗੁਗਲ ਟਰਾਂਸਲੇਟ" ਰਾਹੀਂ ਅੁਨਵਾਦ ਲਈ ਭੇਜੀ ਜਾਣਕਾਰੀ ਬ੍ਰਿਟਿਸ਼ ਕੋਲੰਬੀਆ, ਅਤੇ ਕੈਨੇਡਾ ਤੋਂ ਵੀ ਬਾਹਰ ਜਾ ਸਕਦੀ ਹੈ, ਜਦ ਕਿ ਫਰੈੱਸ਼ਗਰੇਡ ਨੂੰ ਦਿੱਤੀ ਹੋਰ ਸਾਰੀ ਜਾਣਕਾਰੀ ਕੈਨੇਡਾ ਦੇ ਅੰਦਰ ਰਹਿੰਦੀ ਹੈ ਅਤੇ ਇਸਦੇ ਅੰਦਰ ਸੰਭਾਲੀ ਜਾਂਦੀ ਹੈ। ਤਰਜਮੇ ਲਈ ਮੁਲਕ ਤੋਂ ਬਾਹਰ ਜਾ ਰਹੀ ਜਾਣਕਾਰੀ 'ਤੇ ਵਿਦੇਸ਼ਾਂ ਦੇ ਕਾਨੂੰਨ ਲਾਗੂ ਹੋ ਸਕਦੇ ਹਨ, ਅਮਰੀਕਾ ਵਿੱਚ ਯੂ ਐਸ ਏ ਪੇਟਰੀਆਟ ਐਕਟ ਦੇ ਸਮੇਤ।**

**ਇੱਕ ਆਮ ਸੁਰੱਖਿਅਤ ਤਰੀਕਾ ਇਹ ਹੈ ਕਿ ਕਿਸੇ ਵੀ ਔਨਲਾਈਨ ਸੇਵਾ ਦੀ ਵਰਤੋਂ ਕਰਦੇ ਹੋਏ, ਵਿਦਿਆਰਥੀ ਸੁਚੇਤ ਰਹਿਣ ਅਤੇ ਨਿੱਜੀ ਜਾਣਕਾਰੀ ਜਾਂ ਨਿੱਜੀ ਟਿਕਾਣੇ ਬਾਰੇ ਨਾ ਦੱਸਣ ਜਿਸਦੀ ਮੱਦਦ ਨਾਲ ਉਹਨਾਂ ਦੀ ਜਾਂ ਕਿਸੇ ਹੋਰ ਦੀ ਪਛਾਣ ਹੋ ਸਕਦੀ ਹੋਵੇ।**

ਅਧਿਆਪਕਾਂ ਵੱਲੋਂ ਵਿਦਿਆਰਥੀ ਦੀ ਪੜ੍ਹਾਈ ਦਾ ਇਲੈਕਟ੍ਰੌਨਿਕ ਰਿਕਾਰਡ ਰੱਖਣ ਲਈ ਤੁਹਾਡੀ ਇਜਾਜ਼ਤ ਦੀ ਲੋੜ ਹੈ। ਫਰੈੱਸ਼ਗਰੇਡ ਵਿਚਲੀ ਸਾਰੀ ਜਾਣਕਾਰੀ ਟੋਰਾਂਟੋ ਅੰਟਾਰੀਓ ਵਿੱਚ ਪਏ ਸਰਵਰਾਂ ਵਿੱਚ ਰੱਖੀ ਜਾਂਦੀ ਹੈ ਅਤੇ ਇਸਨੂੰ ਗੁਪਤ ਸੰਕੇਤਾਂ ਵਿੱਚ ਅੰਕਿਤ ਕਰਕੇ ਸਟੋਰ ਕੀਤਾ ਅਤੇ ਭੇਜਿਆ ਜਾਂਦਾ ਹੈ। ਕੰਪਿਊਟਰ ਦੇ ਖਾਤੇ ਪਾਸਵਰਡ ਨਾਲ ਸੁਰੱਖਿਅਤ ਹਨ ਅਤੇ ਕੇਵਲ ਤੁਸੀਂ, ਤੁਹਾਡਾ ਬੱਚਾ, ਤੁਹਾਡੇ ਬੱਚੇ ਦਾ ਅਧਿਆਪਕ ਜਾਂ ਤੁਹਾਡੀ ਇਜਾਜ਼ਤ ਵਾਲਾ ਹੋਰ ਕੋਈ ਵਿਅਕਤੀ ਹੀ ਇਸ ਪੋਰਟਫੋਲੀਓ ਨੂੰ ਵੇਖ ਸਕਦਾ ਹੈ। ਕਿਉਂਕਿ ਪੜ੍ਹਾਈ ਇੱਕ ਸਮਾਜਕ ਵਰਤਾਰਾ ਹੈ ਅਤੇ ਤਸਵੀਰਾਂ/ਵਿਡੀਓ ਵਿੱਚ ਤੁਹਾਡੇ ਬੱਚੇ ਨੂੰ ਹੋਰ ਬੱਚਿਆਂ ਨਾਲ ਪੜ੍ਹਦੇ ਦੇਖਿਆ ਜਾ ਸਕਦਾ ਹੈ, ਇਸ ਗੱਲ ਦਾ ਧਿਆਨ ਰੱਖੋ ਕਿ ਤੁਹਾਡੇ ਬੱਚੇ ਦੇ ਫਰੈੱਸ਼ਗਰੇਡ ਪੋਰਟਫੋਲੀਓ ਵਿਚਲੀ ਅਜੇਹੀ ਸਮੱਗਰੀ ਨੂੰ ਸੋਸ਼ਲ ਮੀਡੀਆ ਤੇ ਪੋਸਟ ਜਾਂ ਸਾਂਝਾ ਨਾ ਕੀਤਾ ਜਾਵੇ ਜਿਸ ਵਿੱਚ ਕਲਾਸ ਦੇ ਹੋਰ ਵਿਦਿਆਰਥੀਆਂ ਦੇ ਨਾਂ ਅਤੇ/ਜਾਂ ਤਸਵੀਰਾਂ ਹੋਣ। ਤੁਹਾਡੀ ਇਜਾਜ਼ਤ ਨਾਲ ਤੁਹਾਨੂੰ ਈਮੇਲ ਰਾਹੀਂ ਦੱਸਿਆ ਜਾਵੇਗਾ ਕਿ ਤੁਸੀਂ ਆਪਣੇ ਬੱਚੇ ਦੇ ਨਿੱਜੀ ਡਿਜੀਟਲ ਪੋਰਟਫੋਲੀਓ ਨੂੰ ਕਿਵੇਂ ਵੇਖ ਸਕਦੇ ਹੋ।

ਇੱਕ ਸਰਕਾਰੀ ਸੰਸਥਾ ਹੋਣ ਕਰਕੇ, ਸਾਡੇ ਉੱਪਰ ਬੀ ਸੀ ਫਰੀਡਮ ਆਫ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਆਫ ਪ੍ਰਾਇਵੇਸੀ ਐਕਟ ਲਾਗੂ ਹੁੰਦਾ ਹੈ। ਇਸ ਕਾਨੂੰਨ ਦੇ ਅਨੁਸਾਰ, ਸਾਡੇ ਲਈ ਆਪਣੇ ਵਿਦਿਆਰਥੀਆਂ ਦੀ ਪਰਦੇਦਾਰੀ ਨੂੰ ਹਰ ਸਮੇਂ ਸੁਰੱਖਿਅਤ ਰੱਖਣਾ ਲਾਜ਼ਮੀ ਹੈ। ਫਰੈੱਸ਼ਗਰੇਡ ਸੇਵਾਵਾਂ ਹੇਠ ਅਧਿਆਪਕਾਂ, ਮਾਪਿਆਂ ਅਤੇ ਵਿਦਿਆਰਥੀਆਂ ਤੋਂ ਰਜਿਸਟਰੇਸ਼ਨ ਅਤੇ ਅਕਾਊਂਟ ਜਾਣਕਾਰੀ ਲਈ ਜਾਂਦੀ ਹੈ ਜਿਸ ਵਿੱਚ ਤੁਹਾਡਾ ਨਾਮ, ਯੂਜ਼ਰ ਨੇਮ, ਈਮੇਲ ਪਤਾ, ਫੋਨ ਨੰਬਰ, ਪ੍ਰੋਫਾਈਲ ਤਸਵੀਰ, ਸੰਬੰਧਿਤ ਸਕੂਲ ਅਤੇ ਇਸਦਾ ਟਿਕਾਣਾ ਸ਼ਾਮਲ ਹਨ। ਜਦੋਂ ਵਿਦਿਆਰਥੀ ਮੋਬਾਈਲ ਅਰਜ਼ੀ ਡਾਊਨਲੋਡ ਕਰਦਾ ਹੈ, ਸੱਦਾ ਭੇਜਦਾ ਹੈ ਅਤੇ ਹੋਰਨਾਂ ਨੂੰ ਕਲਾਸ ਦੀਆਂ ਗਤੀਵਿਧੀਆਂ ਬਾਰੇ ਮਿਲਵਰਤਨ ਲਈ ਬੇਨਤੀ ਕਰਦਾ ਹੈ ਤਾਂ ਫਰੈੱਸ਼ਗਰੇਡ ਨਿੱਜੀ ਜਾਣਕਾਰੀ ਵੀ ਲੈਂਦਾ ਹੈ। ***ਫਰੈੱਸ਼ਗਰੇਡ* ਕੇਵਲ ਉਹਨਾਂ ਨੂੰ ਆਪਣੀਆਂ ਸੇਵਾਵਾਂ ਦੇਵੇਗਾ ਜਿਹਨਾਂ ਦੇ ਸਰੀ ਸਕੂਲ ਜ਼ਿਲ੍ਹੇ ਵਿੱਚ ਵਿਦਿਆਰਥੀ ਦੇ ਤੌਰ ਤੇ ਦਾਖਲਾ ਲੈਣ ਦੀ ਪੁਸ਼ਟੀ ਹੋਈ ਹੋਵੇ।** ਹਿੱਸਾ ਲੈਣ ਵਾਲੇ ਵਿਦਿਆਰਥੀਆਂ ਨੇ ਜਾਣਕਾਰੀ ਲੈਣ ਉਪਰੰਤ ਇਜਾਜ਼ਤ ਫਾਰਮਾਂ ਤੇ ਦਸਤਖਤ ਕਰਕੇ ਇਹ ਸਵੀਕਾਰ ਕੀਤਾ ਹੋਵੇ ਕਿ ਉਹਨਾਂ ਦੀ ਨਿੱਜੀ ਜਾਣਕਾਰੀ ਦੱਸੀ ਜਾਵੇਗੀ, ਅਤੇ ਇਸਨੂੰ ਕੈਨੇਡਾ ਵਿੱਚ ਸੁਰੱਖਿਅਤ ਤਰੀਕੇ ਨਾਲ ਰੱਖਿਆ ਅਤੇ ਵਰਤਿਆ ਜਾਵੇਗਾ।

ਕ੍ਰਿਪਾ ਕਰਕੇ ਇਸ ਫਾਰਮ ਨੂੰ ਭਰਕੇ ਆਪਣੇ ਬੱਚੇ ਕੋਲ ਵਾਪਸ ਭੇਜੋ। ਮੱਦਦ ਲਈ ਤੁਹਾਡਾ ਧੰਨਵਾਦ, ਅਤੇ ਸਾਨੂੰ ਉਮੀਦ ਹੈ ਕਿ ਪੜ੍ਹਾਈ ਦਾ ਸਾਲ ਬਹੁਤ ਵਧੀਆ ਰਹੇਗਾ।



**Surrey School District 36** – Education Services Department 14033 92nd Avenue, Surrey, B.C. V3V 0B7
**Tel:** (604) 596-7733 **Fax:** (604) 595-5326 **www.sd36.bc.ca**

Surrey Schools

**CONSENT:**
**ਇਜਾਜ਼ਤ:**

ਮੈਂ ਸਰੀ ਸਕੂਲ ਜ਼ਿਲ੍ਹੇ ਵੱਲੋਂ ਨੱਥੀ ਪੱਤਰ ਨੂੰ ਪੜ੍ਹ ਲਿਆ ਹੈ ਅਤੇ ਮੈਂ ਜਾਣਦਾ/ਜਾਣਦੀ ਹਾਂ ਕਿ *ਫਰੈਸ਼ਗਰੇਡ* ਦੇ ਨਾਂ ਨਾਲ ਜਾਣੀ ਜਾਂਦੀ ਵੈੱਬ 'ਤੇ ਅਧਾਰਿਤ ਸੇਵਾ ਨੂੰ ਲਾਗੂ ਕਰਦੇ ਸਮੇਂ ਅਸੀਂ ਸਕੂਲ ਜ਼ਿਲ੍ਹੇ ਵੱਲੋਂ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਦੌਰਾਨ ਵਿਦਿਆਰਥੀਆਂ ਬਾਰੇ ਇਕੱਠੀ ਕੀਤੀ ਗਈ ਜਾਣਕਾਰੀ ਨੂੰ ਅਧਿਆਪਕ ਅਤੇ ਵਿਦਿਆਰਥੀ ਵੱਲੋਂ ਇਸ ਸੇਵਾ ਵਿੱਚ ਸ਼ਾਮਲ ਜਾਂ ਅੱਪਲੋਡ ਕੀਤੇ ਕਲਾਸ ਦੇ ਕੰਮ-ਕਾਜ ਅਤੇ ਹੋਰ ਸਮੱਗਰੀ ਨਾਲ ਜੋੜਾਂਗੇ।ਮੈਂ ਜਾਣਦਾ/ਜਾਣਦੀ ਹਾਂ ਕਿ *ਫਰੈਸ਼ਗਰੇਡ* ਦਾ ਉਦੇਸ਼ ਇੱਕ ਵੈੱਬ 'ਤੇ ਅਧਾਰਿਤ/ਮੋਬਾਈਲ ਸਾਧਨ ਮੁਹੱਈਆ ਕਰਾਉਣਾ ਹੈ ਜਿਸ ਨਾਲ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਦਰਮਿਆਨ ਸਕੂਲ ਵਿਖੇ ਵਿਦਿਆਰਥੀ ਦੇ ਕੰਮ, ਪੜ੍ਹਾਈ ਅਤੇ ਮੁਲਾਂਕਣ ਬਾਰੇ ਵਧੇਰੇ ਅਸਰਦਾਰ ਤਰੀਕੇ ਨਾਲ ਗੱਲਬਾਤ ਅਤੇ ਮਿਲਵਰਤਣ ਸੰਭਵ ਹੋਵੇਗਾ।

ਇਸ ਇਕਰਾਰਨਾਮੇ 'ਤੇ ਦਸਤਖਤ ਕਰਕੇ, ਮੈਂ ਆਪਣੀ ਤਰਫੋਂ ਜਾਂ, ਜੇ ਲਾਗੂ ਹੋਵੇ, ਆਪਣੇ ਬੱਚੇ ਦੀ ਤਰਫੋਂ ਇਹ ਗੱਲ ਸਮਝਦਾ ਅਤੇ ਇਸ ਬਾਰੇ ਸਹਿਮਤ ਹਾਂ ਕਿ:

- ਸਕੂਲ ਜ਼ਿਲ੍ਹਾ ਮੇਰੇ ਬਾਰੇ ਜਾਂ, ਜੇ ਮਾਤਾ-ਪਿਤਾ/ਗਾਰਡੀਅਨ ਦਸਤਖਤ ਕਰ ਰਿਹਾ ਹੈ, ਮੇਰੇ ਬੱਚੇ ਬਾਰੇ ਨਿੱਜੀ ਜਾਣਕਾਰੀ ਦੇ ਸਕਦਾ ਹੈ ਜਿਸ ਤਰਾਂ ਨੱਥੀ ਪੱਤਰ ਵਿੱਚ ਦੱਸਿਆ ਗਿਆ ਹੈ।ਇਹ ਇਜਾਜ਼ਤ ਫਰੈਸ਼ਗਰੇਡ ਉਪਰਾਲੇ ਵਿੱਚ ਭਾਗ ਲੈਣ ਦੇ ਮਕਸਦ ਲਈ ਹੈ ਜਿਸ ਤਰਾਂ ਕਿ ਨਾਲ ਨੱਥੀ ਪੱਤਰ ਵਿੱਚ ਦੱਸਿਆ ਗਿਆ ਹੈ;
- ਫਰੈਸ਼ਗਰੇਡ ਨੂੰ ਦਿੱਤੀ ਸਾਰੀ ਨਿੱਜੀ ਜਾਣਕਾਰੀ ਕੰਪਿਊਟਰ ਵਿੱਚ ਵਿਸ਼ੇਸ਼ ਸੰਕੇਤ ਰੂਪ ਵਿੱਚ ਅੰਕਿਤ ਕੀਤੀ ਅਤੇ ਬਾਹਰਲੇ ਸਰਵਰਾਂ ਤੇ ਸੰਭਾਲੀ ਜਾਵੇਗੀ ਜਿਹੜੇ ਕੈਨੇਡਾ ਵਿੱਚ ਰੱਖੇ ਹੋਏ ਹਨ ਅਤੇ ਜਿਹਨਾਂ ਦਾ ਪ੍ਰਬੰਧ ਸਕੂਲ ਜ਼ਿਲ੍ਹੇ ਵੱਲੋਂ ਲਗਾਏ ਸਰਵਿਸ ਪ੍ਰੋਵਾਈਡਰ ਕਰਦੇ ਹਨ;
- ਵਿਦਿਆਰਥੀ ਦੇ ਅਧਿਆਪਕ ਅਤੇ ਸਕੂਲ ਦੇ ਪ੍ਰਬੰਧਕ ਅਤੇ ਮਾਪੇ ਫਰੈਸ਼ਗਰੇਡ ਉੱਪਰ ਵਿਦਿਆਰਥੀ ਦੀ ਨਿੱਜੀ ਜਾਣਕਾਰੀ ਤੱਕ ਪਹੁੰਚ ਕਰ ਸਕਣਗੇ;
- ਫਰੈਸ਼ਗਰੇਡ ਦੀ ਵਰਤੋਂ ਦਾ ਨਿਯੰਤਰਣ ਸਰੀ ਸਕੂਲ ਜ਼ਿਲ੍ਹੇ ਦੀ ਪਾਲਿਸੀ 5780.1 ਅਤੇ 5780.2 ਦੁਆਰਾ ਹੁੰਦਾ ਹੈ;
- ਕਿਉਂਕਿ ਪੜ੍ਹਾਈ ਇੱਕ ਸਮਾਜਕ ਵਰਤਾਰਾ ਹੈ ਅਤੇ ਤਸਵੀਰਾਂ/ਵਿਡੀਓ ਵਿੱਚ ਤੁਹਾਡੇ ਬੱਚੇ ਨੂੰ ਹੋਰ ਬੱਚਿਆਂ ਨਾਲ ਪੜ੍ਹਦੇ ਦੇਖਿਆ ਜਾ ਸਕਦਾ ਹੈ, ਇਸ ਗੱਲ ਦਾ ਧਿਆਨ ਰੱਖੋ ਕਿ ਤੁਹਾਡੇ ਬੱਚੇ ਦੇ ਫਰੈਸ਼ਗਰੇਡ ਪੋਰਟਫੋਲੀਓ ਵਿਚਲੀ ਅਜੇਹੀ ਸਮੱਗਰੀ ਨੂੰ ਸੋਸ਼ਲ ਮੀਡੀਆ ਤੇ ਪੋਸਟ ਜਾਂ ਸਾਂਝਾ ਨਾ ਕੀਤਾ ਜਾਵੇ ਜਿਸ ਵਿੱਚ ਕਲਾਸ ਦੇ ਹੋਰ ਵਿਦਿਆਰਥੀਆਂ ਦੇ ਨਾਂ ਅਤੇ/ਜਾਂ ਤਸਵੀਰਾਂ ਹੋਣ।
- ਜੇਕਰ ਮੈਂ "ਗੁਗਲ ਟਰਾਂਸਲੇਟ" ਸਹੂਲਤ ਦੀ ਵਰਤੋਂ ਕਰਨ ਦੀ ਚੋਣ ਕਰਦਾ/ਦੀ ਹਾਂ ਤਾਂ ਇਹ ਸੰਭਾਵਨਾ ਹੈ ਕਿ "ਗੁਗਲ ਟਰਾਂਸਲੇਟ" ਸੇਵਾ ਰਾਹੀਂ ਤਰਜਮੇ ਲਈ ਭੇਜੀ ਗਈ ਜਾਣਕਾਰੀ ਕੈਨੇਡਾ ਤੋਂ ਬਾਹਰ ਜਾ ਸਕਦੀ ਹੈ ਅਤੇ ਇਸ ਕਰਕੇ ਇਸ 'ਤੇ ਯੂ. ਐਸ. ਪੇਟਰੀਆਟ ਐਕਟ ਲਾਗੂ ਹੋ ਸਕਦਾ ਹੈ.

ਇਹ ਇਜਾਜ਼ਤ ਉਸ ਤਾਰੀਕ ਤੋਂ ਲਾਗੂ ਸਮਝੀ ਜਾਵੇਗੀ **ਜਿਸ ਤਾਰੀਕ ਨੂੰ ਇਸਤੇ ਦਸਤਖਤ ਕੀਤੇ ਗਏ ਹਨ ਅਤੇ ਉਸਤੋਂ ਇੱਕ ਸਾਲ ਬਾਅਦ ਤੱਕ ਲਾਗੂ ਰਹੇਗੀ ਜਦੋਂ ਹੇਠ ਲਿਖਿਆ ਵਿਦਿਆਰਥੀ ਸਕੂਲ ਜ਼ਿਲ੍ਹੇ ਦਾ ਵਿਦਿਆਰਥੀ ਨਹੀਂ ਰਹੇਗਾ।** ਜੇ ਕਿਸੇ ਵੀ ਸਮੇਂ ਤੁਸੀਂ ਸਹਿਮਤੀ ਵਾਪਸ ਲੈਣੀ ਚਾਹੁੰਦੇ ਹੋ, ਸਕੂਲ ਨਾਲ ਸੰਪਰਕ ਕਰੋ

ਮੈਂ ਇੱਥੇ ਇਹ ਵੀ ਮੰਨਦਾ/ਮੰਨਦੀ ਹਾਂ ਕਿ ਮੈਂ *ਫਰੈਸ਼ਗਰੇਡ* ਦੀ ਵਰਤੋਂ ਬਾਰੇ ਸਕੂਲ ਜ਼ਿਲ੍ਹੇ ਦੀ ਪਾਲਿਸੀ ਨੂੰ ਪੜ੍ਹ ਅਤੇ ਸਮਝ ਲਿਆ ਹੈ।("ਦ ਯੂਜ਼ ਪਾਲਿਸੀ") **ਇਸ ਫਾਰਮ ਨੂੰ** ਦਸਤਖਤ ਕਰਕੇ ਅਤੇ ਮਿਤੀ ਪਾ ਕੇ, ਵਿਦਿਆਰਥੀ ਦੇ ਸਕੂਲ ਨੂੰ **ਲਾਜ਼ਮੀ ਵਾਪਸ ਭੇਜਿਆ ਜਾਵੇ** ਤਾਂ ਜੋ ਹੇਠ ਦੱਸੇ ਵਿਦਿਆਰਥੀ ਦੇ *ਫਰੈਸ਼ਗਰੇਡ* ਦੇ ਅਕਾਊਂਟ ਨੂੰ ਚਾਲੂ ਕੀਤਾ ਜਾ ਸਕੇ।

| | |
|---|---|
| ______________________________ | ______________________________ |
| *Signature of Parent or Guardian*<br>*ਮਾਤਾ ਪਿਤਾ ਜਾਂ ਗਾਰਡੀਅਨ ਦੇ ਦਸਤਖਤ* | *Signature of Student (if over 13)*<br>*ਵਿਦਿਆਰਥੀ (ਜੇ 13 ਸਾਲ ਤੋਂ ਵੱਡਾ ਹੈ) ਦੇ ਦਸਤਖਤ* |
| ______________________________ | ______________________________ |
| *Print Name*<br>*ਨਾਮ ਲਿਖੋ* | *Print Student Name and Grade*<br>*ਵਿਦਿਆਰਥੀ ਦਾ ਨਾਮ ਅਤੇ ਗਰੇਡ ਲਿਖੋ* |
| ______________________________ | ______________________________ |
| *Print School Name*<br>*ਸਕੂਲ ਦਾ ਨਾਮ ਲਿਖੋ* | *Print Teacher's Name*<br>*ਅਧਿਆਪਕ ਦਾ ਨਾਮ ਲਿਖੋ* |
| ______________________________ | ______________________________ |
| *Parent e-mail address*<br>*ਮਾਤਾ-ਪਿਤਾ ਦਾ ਈ-ਮੇਲ ਪਤਾ* | *Print School Name*<br>*ਸਕੂਲ ਦਾ ਨਾਮ ਲਿਖੋ* |
| ______________________________ | ______________________________ |
| *Date Signed*<br>*ਦਸਤਖਤ ਕਰਨ ਦੀ ਤਾਰੀਕ* | *Date Signed*<br>*ਦਸਤਖਤ ਕਰਨ ਦੀ ਤਾਰੀਕ* |



**Surrey School District 36** – Education Services Department 14033 92nd Avenue, Surrey, B.C. V3V 0B7
**Tel:** (604) 596-7733 **Fax:** (604) 595-5326 **www.sd36.bc.ca**